## ਏਕ ਨਿਮਖ ਜੋ ਸਿਮਰਨ ਮਹਿ ਜੀਆ

**ਗਉੜੀ ਮਹਲਾ ੫ ॥**
**ਬਿਨੁ ਸਿਮਰਨ ਜੈਸੇ ਸਰਪ ਆਰਜਾਰੀ॥**
**ਤਿਉ ਜੀਵਹਿ ਸਾਕਤ ਨਾਮੁ ਬਿਸਾਰੀ॥੧॥**

ਇਹ ਸ਼ਬਦ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਗਉੜੀ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ ਅਤੇ ਅੰਕ ੨੩੯ ਤੇ ਸੁਭਾਇਮਾਨ ਹੈ। ਇਸ ਸ਼ਬਦ ਦਾ ਕੇਂਦਰੀ ਭਾਵ, ਜੋ ਰਹਾਉ ਦੀਆਂ ਪੰਕਤੀਆਂ ਵਿਚ ਦਰਜ ਹੈ, ਉਹ ਇਹ ਹੈ ਕਿ ਸਿਮਰਣ ਨਾਲ ਹੀ ਮਨੁਖ ਮੌਤ ਰਹਿਤ ਹੋ ਸਕਦਾ ਹੈ। ਪਰ ਸਿਮਰਨ ਵਿਹੂਣੇ ਮਨੁਖ ਲਈ ਪਾਤਸ਼ਾਹ ਨੇ ਬਹੁਤ ਕਰੜਾ ਸਚ ਬਿਆਨ ਕੀਤਾ ਹੈ। ਪਾਤਸ਼ਾਹ ਦਾ ਮਕਸਦ, ਹਰ ਹੀਲੇ, ਸਾਨੂੰ ਪ੍ਰਭੂ ਦੇ ਨਾਮ ਸਿਮਰਨ ਵਿਚ ਲਗਾਉਣਾ ਹੈ ਜੋ ਇਸ ਮਨੁਖਾ ਜੀਵਨ ਦਾ ਮਕਸਦ ਹੀ ਹੈ। ਜਿਸ ਮਨੁਖ ਤੇ ਪ੍ਰਭੂ ਦਇਆਲ ਹੋ ਜਾਂਦਾ ਹੈ ਉਹ ਸਾਧੂ ਸੰਗਤ ਕਰਨ ਦੇ ਨਾਲ ਸਿਮਰਨ ਨੂੰ ਆਪਣਾ ਜੀਵਨ ਬਣਾ ਲੈਂਦਾ ਹੈ।

-- ਜੋ ਮਨੁਖ ਪ੍ਰਭੂ ਦਾ ਸਿਮਰਨ ਨਹੀਂ ਕਰਦਾ ਉਸਦੀ ਉਮਰ ਇੰਞ ਹੈ ਜਿਵੇਂ ਸਪ ਆਪਣੀ ਸਾਰੀ ਲੰਮੀ ਉਮਰ ਜ਼ਹਰ ਵਿਚ ਹੀ ਸੜਦਾ ਰਹਿੰਦਾ ਹੈ।

ਚੇਤੇ ਰਹੇ, ਕਿਹਾ ਜਾਂਦਾ ਹੈ ਕਿ ਸਪ ਦੀ ਕੋਈ ਕੁਦਰਤੀ ਮੌਤ natural death ਨਹੀਂ ਹੁੰਦੀ, ਉਹ ਮੌਤ ਸਿਰਫ਼ ਦੁਰਘਟਨਾਤਮਕ ਜਾਂ accidental ਹੀ ਹੁੰਦੀ ਹੈ। ਉਹ ਹਜ਼ਾਰਾਂ ਵਰ੍ਹਿਆਂ ਤਕ ਵੀ ਜੀਉਂਦਾ ਰਹਿੰਦਾ ਹੈ ਜਦ ਤਕ ਕੋਈ ਦੁਰਘਟਨਾ ਨਾ ਵਾਪਰੇ ਜਾਂ ਉਸ ਨੂੰ ਕੋਈ ਮਾਰ ਨਾ ਦਏ।
ਇਕ ਹੋਰ ਜਗ੍ਹਾ, ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਸਿਮਰਨ ਤੋਂ ਬਿਨਾਂ ਵਿਅਕਤੀ ਦਾ ਜੀਵਨ ਇਸ ਤਰ੍ਹਾਂ ਅਗ ਵਿਚ ਸੜਨ ਵਾਂਙ ਹੁੰਦਾ ਹੈ ਜਿਵੇਂ ਸਪ ਆਪਣੀ ਸਾਰੀ ਲੰਮੀ ਉਮਰ ਕ੍ਰੋਧ ਦੇ ਜ਼ਹਿਰ ਵਿਚ ਸੜਦਾ ਰਹਿੰਦਾ ਹੈ - 'ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ॥', ਅੰਕ ੭੧੨.

-- ਇਸੇ ਤਰ੍ਹਾਂ ਹੀ ਜੋ ਸਿਮਰਨ ਨਹੀਂ ਕਰਦਾ ਉਹ ਵਾਹਿਗੁਰੂ ਤੋਂ ਟੁਟਿਆ ਹੋਇਆ ਇੰਞ ਜੀਉਂਦਾ ਹੈ ਜਿਵੇਂ ਸਾਕਤ ਆਪਣੀ ਉਮਰ ਵਿਸ਼ੇ ਵਿਕਾਰਾਂ ਵਿਚ ਭੋਗਦਾ ਹੈ। ਇਥੇ ਸਿਮਰਨ ਵਿਹੂਣੇ ਮਨੁਖ ਨੂੰ ਸਾਕਤ ਕਿਹਾ ਹੈ।

**ਏਕ ਨਿਮਖ ਜੋ ਸਿਮਰਨ ਮਹਿ ਜੀਆ॥**
**ਕੋਟਿ ਦਿਨਸੁ ਲਾਖ ਸਦਾ ਥਿਰੁ ਥੀਆ॥੧॥ਰਹਾਉ॥**

-- ਇਹ ਸ਼ਬਦ ਦਾ ਕੇਂਦਰੀ ਭਾਵ ਹੈ। ਸ੍ਰੀ ਗੁਰੂ ਅਰਜਨ ਦੇਵ ਸਾਹਿਬ ਫ਼ੁਰਮਾਉਂਦੇ ਹਨ ਕਿ ਇਕ ਨਿਮਖ ਜਿਤਨੇ ਸਮੇਂ, ਭਾਵ, ਪਲਕ ਹੇਠਾਂ ਆਉਣ ਦੇ ਜਿਤਨੇ ਸਮੇਂ ਵਿਚ ਵੀ ਜਿਸ ਦੀ ਸਿਮਰਨ ਵਿਚ ਲਿਵ ਲਗ ਜਾਂਦੀ ਹੈ, ਸਿਮਰਨ ਵਿਚ ਜੀਅ ਪੈਂਦਾ ਹੈ:

-- ਉਹ ਕ੍ਰੋੜਾਂ ਲਖਾਂ ਦਿਨਾਂ ਲਈ ਥਿਰ ਹੋ ਜਾਂਦਾ ਹੈ, ਜਨਮ ਮਰਣ ਦੇ ਗੇੜ ਵਿਚ ਨਹੀਂ ਪੈਂਦਾ। 'ਸਿਮਰਨ ਮਹਿ ਜੀਆ' ਸਿਮਰਨ ਕਰਦਿਆਂ ਕਰਦਿਆਂ ਇਕ ਅਜਿਹੀ ਅਵਸਥਾ ਆਉਂਦੀ ਹੈ ਕਿ ਸਿਮਰਨ ਹੀ ਮਨੁਖ ਦਾ ਜੀਵਨ ਬਣ ਜਾਂਦਾ ਹੈ।

ਪਾਤਸ਼ਾਹ ਬਚਨ ਕਰਦੇ ਹਨ ਕਿ ਹੇ ਮੇਰੀ ਜਿਹਵਾ ! ਤੂੰ ਸਦਾ ਰਾਮ ਪ੍ਰਭੂ ਦੇ ਹੀ ਗੁਣ ਗਾ, ਭਾਵ, ਨਾਮ ਜਪ, ਹਰ ਨਿਮਖ, ਹਰ ਘੜੀ, ਹਰ ਪਲ 'ਹਰਿ ਹਰਿ ਹਰਿ', ਭਾਵ, **ਵਾਹਗੁਰੂ ਵਾਹਗੁਰੂ ਵਾਹਗੁਰੂ** ਕਰ ਕੇ ਉਸ ਨੂੰ ਧਿਆਈਏ, ਹੋਰ ਕਿਸੇ ਅਜਿਹੀ ਥਾਂ ਨਾ ਜਾਈਏ ਜਿਥੇ ਉਸ ਪ੍ਰਭੂ ਦੀ ਵਡਿਆਈ ਤੋਂ ਛੁਟ ਕੁਝ ਹੋਰ ਸੁਣੀਏ, ਉਸ ਬਾਝੋਂ ਹੋਰ ਬੋਲ ਨ ਸੁਣੀਏਂ, ਬਸ ਸਿਰਫ਼ ਸਾਧੂ ਦੀ ਸੰਗਤਿ ਹੀ ਕਰੀਏ, ਇੰਞ, ਵਡੇ ਭਾਗਾਂ ਨਾਲ ਉਸ ਨੂੰ ਪਾ ਲਵਾਂਗੇ - 'ਹੇ ਜਿਹਵੇ ਤੂੰ ਰਾਮ ਗੁਣ ਗਾਉ॥ ਨਿਮਖ ਨਿਮਖ ਹਰਿ ਹਰਿ ਹਰਿ ਧਿਆਉ॥ ਆਨ ਨ ਸੁਨੀਐ ਕਤਹੂੰ ਜਾਈਐ॥ ਸਾਧ ਸੰਗਤਿ ਵਡਭਾਗੀ ਪਾਈਐ॥', ਅੰਕ ੧੮੦. ਸਪੱਸ਼ਟ ਹੈ ਕਿ ਹਰ ਨਿਮਖ ਧਿਆਉਣ ਨਾਲ ਕਿਤੇ ਵਡੇ ਭਾਗਾਂ ਨਾਲ ਉਹ ਨਿਮਖ ਵੀ ਆ ਜਾਏਗਾ ਜਦੋਂ ਉਹ ਸਾਨੂੰ ਤਾਰ ਲਏਗਾ।

ਦਸਵੇਂ ਪਾਤਸ਼ਾਹ ਨੇ ਵੀ ਅਜਿਹਾ ਹੀ ਬਚਨ ਕੀਤਾ ਹੈ - 'ਏਕ ਚਿਤ ਜਿਹ ਇਕ ਛਿਨ ਧਿਆਇਓ॥ ਕਾਲ ਫਾਸ ਕੇ ਬੀਚ ਨ ਆਇਓ॥੧੦॥', ਅਕਾਲ ਉਸਤਤਿ। 'ਏਕ ਚਿਤ' ਹੋਣ ਦੀ ਅਵਸਥਾ ਸਿਮਰਨ ਵਿਚ ਮਿਹਨਤ ਕਰਨ ਨਾਲ, ਗੁਰੂ ਦੀ ਕਿਰਪਾ ਸਦਕਾ ਆਉਂਦੀ ਹੈ, ਜਿਸ ਵਿਚ ਬਾਕੀ ਸਭ ਫੁਰਨੇ ਮੁਕ ਜਾਂਦੇ ਹਨ, ਸਿਰਫ਼ ਪ੍ਰਭੂ ਦੀ ਯਾਦ ਬਾਕੀ ਰਹਿ ਜਾਂਦੀ ਹੈ।

**ਬਿਨੁ ਸਿਮਰਨ ਧ੍ਰਿਗੁ ਕਰਮ ਕਰਾਸ॥**
**ਕਾਗ ਬਤਨ ਬਿਸਟਾ ਮਹਿ ਵਾਸ॥੨॥**

-- ਸਿਮਰਨ ਵਿਹੂਣਾ ਮਨੁਖ ਹੋਰ ਜੋ ਵੀ ਕਰਮ ਕਰਦਾ ਹੈ ਉਹ ਧਿੱਕਾਰ, ਲਾਨ੍ਹਤ ਯੋਗ ਹੁੰਦੇ ਹਨ,

ਸ੍ਰੀ ਗੁਰੂ ਨਾਨਕ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਨਾਮ ਤੋਂ ਸਖਣੇ ਮਨੁਖ ਦਾ ਜੀਵਣ ਵੀ ਅਤੇ ਸਾਰੇ ਕਰਮ ਵੀ, ਫ਼ਿਟਕਾਰ ਯੋਗ ਹੁੰਦੇ ਹਨ - 'ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ॥', ਅੰਕ ੪੮੯.

-- ਉਸੇ ਤਰ੍ਹਾਂ ਲਾਹਨਤ ਯੋਗ, ਜਿਵੇਂ ਕਾਂ ਦੀ ਚੁੰਝ ਵਿਚ ਹਮੇਸ਼ਾਂ ਗੰਦ ਹੀ ਭਰਿਆ ਰਹਿੰਦਾ ਹੈ, ਇਸੇ ਤਰ੍ਹਾਂ ਸਿਮਰਨ ਤੋਂ ਖਾਲੀ ਮਨੁਖ ਜੋ ਵੀ ਮੂੰਹ ਵਿਚ ਪਾਉਂਦਾ ਹੈ ਵਿਸ਼ਟਾ ਹੀ ਬਣ ਜਾਂਦਾ ਹੈ।

ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਫ਼ੁਰਮਾਣ ਹੈ ਕਿ ਮਾੜੀ ਮਤ ਅਤੇ ਮਾੜੇ ਭਾਗਾਂ ਵਾਲੇ, ਪ੍ਰਭੂ ਦਾ ਨਾਮ ਸੁਣ ਕੇ ਸਗੋਂ ਕ੍ਰੋਧ ਵਿਚ ਆ ਜਾਂਦੇ ਹਨ। ਕਾਂ ਨੂੰ ਜਿਨਾਂ ਮਰਜ਼ੀ ਅੰਮ੍ਰਿਤ ਰਸ ਦਈਏ, ਉਸ ਦੀ ਤ੍ਰਿਪਤੀ ਤਾਂ ਗੋਹੇ ਆਦਿ ਵਿਸ਼ਟਾ ਨਾਲ ਹੀ ਹੁੰਦੀ ਹੈ - 'ਦੁਰਮਤਿ ਭਾਗਹੀਨ ਮਤਿ ਫੀਕੇ ਨਾਮੁ ਸੁਨਤ ਆਵੈ ਮਨਿ ਰੋਹੈ॥ ਕਊਆ ਕਾਗ ਕਉ ਅੰਮ੍ਰਿਤ ਰਸੁ ਪਾਈਐ ਤ੍ਰਿਪਤੈ ਵਿਸਟਾ ਖਾਇ ਮੁਖਿ ਗੋਹੈ॥', ਅੰਕ ੪੯੩. ਹੋਰ ਫ਼ੁਰਮਾਣ ਕਰਦੇ ਹਨ ਕਿ ਬਗਲੇ ਅਤੇ ਕਾਂ ਵਰਗਿਆਂ ਦੀ ਘਟੀਆ ਸੰਗਤਿ ਕਰ ਕੇ ਕਰੰਗ, ਭਾਵ, ਮੁਰਦਿਆਂ ਦੇ ਪਿੰਜਰ ਤੋਂ ਮਾਸ ਨੋਚ ਕੇ ਖਾਂਦੇ ਹਨ, ਜਦ ਕਿ ਪ੍ਰਭੂ ਦੇ ਪਿਆਰਿਆਂ ਦੀ ਸੰਗਤਿ ਕਰ ਕੇ ਕਾਂ ਤੋਂ ਹੰਸ ਬਣ ਜਾਈਦਾ ਹੈ ਜਿਸਦੀ ਖ਼ੁਰਾਕ ਹੀਰੇ ਮੋਤੀ, ਭਾਵ, ਪ੍ਰਭੂ ਦਾ ਨਾਮ ਹੈ - 'ਬਗੁਲਾ ਕਾਗ ਨੀਚ ਕੀ ਸੰਗਤਿ ਜਾਇ ਕਰੰਗ ਬਿਖੂ ਮੁਖਿ ਲਾਈਐ॥ ਨਾਨਕ ਮੇਲਿ ਮੇਲਿ ਪ੍ਰਭ ਸੰਗਤਿ ਮਿਲਿ ਸੰਗਤਿ ਹੰਸੁ ਕਰਾਈਐ॥', ਅੰਕ ੮੮੧.

**ਬਿਨੁ ਸਿਮਰਨ ਭਏ ਕੂਕਰ ਕਾਮ॥**
**ਸਾਕਤ ਬੇਸੁਆ ਪੂਤ ਨਿਨਾਮ॥੩॥**

-- ਬਿਨਾਂ ਸਿਮਰਨ ਤੋਂ ਮਨੁਖ ਦੇ ਕੁਤਿਆਂ ਵਰਗੇ ਕੰਮ ਹੋ ਜਾਂਦੇ ਹਨ ਜੋ ਹਰ ਵੇਲੇ ਕਾਮ ਅਤੇ ਲਾਲਚ ਆਦਿ ਵਿਸ਼ੇ ਵਿਕਾਰ ਹੀ ਭੋਗਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੇ ਬਚਨ ਹਨ ਕਿ ਨਾਮ ਜਪੇ ਬਿਨਾ, ਸਿਮਰਨ ਕੀਤੇ ਬਿਨਾਂ ਜੋ ਕੁਝ ਵੀ ਪਹਿਨਦਾ, ਖਾਂਦਾ ਹੈ ਉਹ ਇੰਞ ਜਾਣੋ ਜਿਵੇਂ ਕੁਤਾ ਜੂਠ ਵਿਚ ਮੂੰਹ ਮਾਰਦਾ ਹੈ। ਉਹ ਸਭ ਕੁਝ ਅਪਵਿਤਰ ਹੋ ਜਾਂਦਾ ਹੈ - 'ਨਾਮ ਬਿਨਾ ਜੋ ਪਹਿਰੈ ਖਾਇ ਜਿਉ ਕੂਕਰੁ ਜੂਠਨ ਮਹਿ ਪਾਇ॥', ਅੰਕ ੨੪੦.

-- ਸਿਮਰਨ ਤੋਂ ਟੁਟੇ ਹੋਏ ਮਨੁਖ ਦੀ ਸਥਿਤੀ ਵੇਸਵਾ ਦੇ ਪੁਤਰ ਵਰਗੀ ਹੁੰਦੀ ਹੈ, ਜਿਸ ਦੇ ਪਿਤਾ ਦਾ ਨਾਂ ਨਹੀਂ ਦਸਿਆ ਜਾ ਸਕਦਾ, ਭਾਵ, ਮਨੁਖ ਨੂੰ ਸਚਾ ਗੁਰੂ ਨਹੀਂ ਮਿਲਦਾ, ਉਹ ਇਧਰ ਉਧਰ ਭਟਕਦਾ ਰਹਿੰਦਾ ਹੈ। ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਫ਼ੁਰਮਾਣ ਹੈ ਕਿ ਵਾਹਿਗੁਰੂ ਦਾ ਨਾਮ ਜਪੇ ਬਿਨਾ, ਜਿਵੇਂ ਸੁੰਦਰ ਮਨੁਖ ਦੇ ਨਕ ਕਟੇ ਹੋਣ ਵਰਗੀ ਸੂਰਤ ਹੁੰਦੀ ਹੈ ਅਤੇ ਜਿਵੇਂ ਵੇਸਵਾ ਦੇ ਘਰ ਪੁਤਰ ਜੰਮੇ ਦੀ ਹੁੰਦੀ ਹੈ ਤੇ ਉਸ ਦਾ ਨਾਮ ਧ੍ਰਕਟੀ, ਭਾਵ, ਲਾਨ੍ਹਤੀ ਹੀ ਹੁੰਦਾ ਹੈ - 'ਹਰਿ ਕੇ ਨਾਮ ਬਿਨਾ ਸੁੰਦਰਿ ਹੈ ਨਕਟੀ॥ ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ ਤਿਸੁ ਨਾਮੁ ਪਰਿਓ ਹੈ ਧ੍ਰਕਟੀ॥', ਅੰਕ ੫੨੮.

**ਬਿਨੁ ਸਿਮਰਨ ਜੈਸੇ ਸੀਙ ਛਤਾਰਾ॥**
**ਬੋਲਹਿ ਕੂਰੁ ਸਾਕਤ ਮੁਖੁ ਕਾਰਾ॥੪॥**

-- ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਸਿਮਰਨ ਤੋਂ ਬਿਨਾਂ ਮਨੁਖ ਦੀ ਉਹੋ ਜਿਹੀ ਅਵਸਥਾ ਹੋ ਜਾਂਦੀ ਹੈ ਜਿਹੋ ਜਿਹੀ ਛਤਰੇ (male sheep) ਦੀ ਹੁੰਦੀ ਹੈ ਜੋ ਆਪਸ ਵਿਚ, ਇਕ-ਦੂਜੇ ਦਾ ਸਿਰ ਭੰਨਣ ਲਈ ਸਿੰਗ ਹੀ ਫ਼ਸਾਈ ਰਖਦੇ ਹਨ ਅਤੇ ਦੁਖ ਪਾਉਂਦੇ ਹਨ। ਸਿਮਰਨ ਤੋਂ ਰਹਿਤ ਮਨੁਖ ਦੀ ਦੂਜੇ ਨੂੰ ਅਕਾਰਣ ਹੀ ਬਹਿਸ ਕਰਕੇ ਨੀਚਾ ਦਿਖਾਉਣ ਦੀ ਵਾਦੀ ਹੁੰਦੀ ਹੈ।

-- ਸਿਮਰਨ ਵਿਹੀਨ ਵਿਅਕਤੀ ਸਾਕਤ ਹੁੰਦਾ ਹੈ, ਜੋ ਰਬ ਤੋਂ ਟੁਟਾ ਹੋਇਆ ਹੁੰਦਾ ਹੈ, ਜਿਸਦਾ ਜੀਵਨ ਝੂਠ ਦੇ ਸਹਾਰੇ ਚਲਦਾ ਹੈ ਅਤੇ ਅਗੇ ਜਾ ਕੇ ਉਸ ਦਾ ਮੁਖ ਕਾਲਾ ਹੁੰਦਾ ਹੈ।

ਗੁਰਬਾਣੀ ਵਿਚ ਕੂੜ ਬੋਲਣ ਨੂੰ ਮੁਰਦਾ ਖਾਣ ਦੇ ਤੁਲ ਮੰਨਿਆਂ ਗਿਆ ਹੈ। ਸ੍ਰੀ ਗੁਰੂ ਨਾਨਕ ਸਾਹਿਬ ਦੇ ਬਚਨ ਹਨ - 'ਕੂੜੁ ਬੋਲਿ ਮੁਰਦਾਰੁ ਖਾਇ॥', ਅੰਕ ੧੩੯. ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ਫ਼ੁਰਮਾਣ ਹੈ ਕਿ ਕੂੜ ਬੋਲਣਾ ਜ਼ਹਿਰ ਖਾਣ ਦੇ ਬਰਾਬਰ ਹੈ - 'ਆਪਿ ਡੁਬੇ ਸਗਲੇ ਕੁਲ ਡੋਬੇ ਕੂੜੁ ਬੋਲਿ ਬਿਖੁ ਖਾਵਣਿਆ॥', ਅੰਕ ੧੨੪. ਜੇ ਇਹ ਦੋਵੇਂ ਪੰਕਤੀਆਂ ਦੇ ਭਾਵ ਅਰਥ ਰਲਾਏ ਜਾਣ ਤਾਂ ਇਹ ਅਰਥ ਨਿਕਲਦੇ ਹਨ ਕਿ ਮੁਰਦਾ (ਮਾਸ) ਖਾਣਾ ਬਿਖ, ਜ਼ਹਿਰ ਖਾਣ ਦੇ ਤੁਲ ਹੈ।

**ਬਿਨੁ ਸਿਮਰਨ ਗਰਧਭ ਕੀ ਨਿਆਈ॥**
**ਸਾਕਤ ਥਾਨ ਭਰਿਸਟ ਫਿਰਾਹੀ॥੫॥**

-- ਜੋ ਵਿਅਕਤੀ ਸਿਮਰਨ ਨਹੀਂ ਕਰਦੇ ਉਨ੍ਹਾਂ ਦਾ ਜੀਵਨ ਗਧੇ ਦੀ ਨਿਆਈਂ ਹੈ।

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੇ ਬਚਨ ਹਨ ਕਿ ਗਧੇ ਨੂੰ ਭਾਵੇਂ ਚੰਦਨ ਦਾ ਲੇਪ ਲਗਾ ਦਿਉ ਤਾਂ ਵੀ ਉਹ ਖੇਹ, ਮਿਟੀ ਵਿਚ ਲੋਟ ਕੇ ਹੀ ਖ਼ੁਸ਼ ਹੁੰਦਾ ਹੈ। ਅਜਿਹੇ ਮਨੁਖ ਦੀ ਨਾਮ ਅੰਮ੍ਰਿਤ ਵਿਚ ਕੋਈ ਰੁਚੀ ਨਹੀਂ ਹੁੰਦੀ, ਵਿਸ਼ੇ ਵਿਕਾਰਾਂ ਨਾਲ ਹੀ ਪਿਆਰ ਹੁੰਦਾ ਹੈ - 'ਚੰਦਨ ਲੇਪ ਹੋਤ ਦੇਹ ਕਉ ਸੁਖ ਗਰਧਭ ਭਸਮ ਸੰਗੀਤਿ॥ ਅੰਮ੍ਰਿਤ ਸੰਗਿ ਨਾਹਿ ਰੁਚ ਆਵਤ ਬਿਖੈ ਠਗਉਰੀ ਪ੍ਰੀਤਿ॥', ਅੰਕ ੬੭੩. ਇਸ ਲਈ ਪਾਪਾਂ ਦੀ ਖਾਤਰ ਜੀਵ ਪਸ਼ੂ, ਪ੍ਰੇਤ, ਊਠ ਅਤੇ ਖੋਤੇ ਆਦਿ ਦੀਆਂ ਜੂਨਾਂ ਵਿਚ ਪੈਂਦਾ ਹੈ। ਨਾਲ ਹੀ ਉਪਦੇਸ਼ ਦਿਤਾ ਹੈ ਕਿ ਭਗਤ ਜਨ ਦੀ ਸੰਗਤਿ ਕਰਦਿਆਂ ਮਨੁਖ ਨਾਮ ਜਪੇ ਤਾਂ ਕਿ ਧਰਮਰਾਜ ਦੇ ਦਰਬਾਰ ਵਿਚ ਸੱਟਾਂ ਨਾ ਖਾਣੀਆਂ ਪੈਣ - 'ਪਸੁ ਪਰੇਤ ਉਸਟ ਗਰਧਭ ਅਨਿਕ ਜੋਨੀ ਲੇਟ॥ ਭਜੁ ਸਾਧ ਸੰਗਿ ਗੋਬਿੰਦ ਨਾਨਕ ਕਛੁ ਨ ਲਾਗੈ ਫੇਟ॥', ਅੰਕ ੧੨੨੪.

-- ਰਬ ਦੇ ਸਿਮਰਨ ਤੋਂ ਟੁਟਾ ਹੋਇਆ ਮਨੁਖ ਗੰਦੀਆਂ ਥਾਵਾਂ ਤੇ, ਗੰਦੀ ਸੰਗਤਿ ਵਿਚ ਫ਼ਿਰਦਾ ਰਹਿੰਦਾ ਹੈ।

ਸ੍ਰੀ ਗੁਰੂ ਅਮਰਦਾਸ ਸਾਹਿਬ ਦੇ 'ਪਟੀ' ਬਾਣੀ ਵਿਚ ਬਚਨ ਹਨ ਕਿ ਤਾਮਸੀ ਬਿਰਤੀ ਤੇ ਜੀਵਨ ਕਰ ਕੇ ਮੂਰਖ ਮਨੁਖ ਸੜਦਾ ਫ਼ਿਰਦਾ ਹੈ ਅਤੇ ਜਿਥੇ ਵੀ ਉਠਦਾ ਬੈਠਦਾ ਹੈ ਉਹ ਥਾਂ ਭ੍ਰਿਸ਼ਟ ਹੋ ਜਾਂਦੀ ਹੈ - 'ਤਤੈ ਤਾਮਸਿ ਜਲਿਓਹੁ ਥਥੈ ਥਾਨਿ ਭਰਿਸਟੁ ਹੋਆ॥', ਅੰਕ ੪੩੫.

**ਬਿਨੁ ਸਿਮਰਨ ਕੂਕਰ ਹਰਕਾਇਆ॥**
**ਸਾਕਤ ਲੋਭੀ ਬੰਧੁ ਨ ਪਾਇਆ॥੬॥**

-- ਸਿਮਰਨ ਤੋਂ ਵਿਹੀਨ ਵਿਅਕਤੀ ਇੰਵ ਹੈ ਜਿਵੇਂ ਹਲਕਾ ਕੁਤਾ ਹੁੰਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਫ਼ੁਰਮਾਣ ਹੈ ਕਿ ਸਿਮਰਨ ਤੋਂ ਖਾਲੀ ਵਿਅਕਤੀ ਹਲਕੇ ਕੁਤੇ ਵਾਂਙ ਹੁੰਦਾ ਹੈ ਜੋ ਸਭ ਪਾਸੇ ਭਜਿਆ ਫ਼ਿਰਦਾ ਰਹਿੰਦਾ ਹੈ ਇਸੇ ਤਰ੍ਹਾਂ ਲੋਭੀ ਮਨੁਖ ਵੀ ਉਹ ਸਭ ਚੀਜ਼ਾਂ ਵੀ ਖਾਂਦਾ ਰਹਿੰਦਾ ਹੈ ਜੋ ਖਾਣ ਯੋਗ ਨਹੀਂ ਹੁੰਦੀਆਂ - 'ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ॥ ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ॥', ਅੰਕ ੫੦. ਜੋ ਵਿਅਕਤੀ ਗੁਰਮੰਤਰ ਦੇ ਜਾਪ ਤੋਂ ਵਿਹੂਣਾ ਹੈ, ਉਸ ਮਹਾਂਮੂਰਖ ਦਾ ਜਨਮ ਧਿਕਾਰਯੋਗ ਅਤੇ ਭ੍ਰਸ਼ਟ ਹੈ। ਉਸ ਦਾ ਜੀਵਨ ਕੁਤੇ, ਸੂਰ, ਗਧੇ, ਕਾਂ, ਸਪ ਆਦਿ ਵਾਂਙ ਹੈ - 'ਗੁਰਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥ ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥', ਅੰਕ ੧੩੫੬.

-- ਸਿਮਰਨ ਵਿਹੂਣਾ, ਰਬ ਤੋਂ ਟੁਟਾ ਹੋਇਆ ਮਨੁਖ ਲੋਭ ਆਦਿ ਵਿਕਾਰਾਂ ਤੇ ਠਲ ਨਹੀਂ ਪਾ ਸਕਦਾ ਅਤੇ ਉਨ੍ਹਾਂ ਦੇ ਵਹਿਣ ਵਿਚ ਵਹਿੰਦਾ ਤੁਰਿਆ ਜਾਂਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਸਿਮਰਨ ਤੋਂ ਇਲਾਵਾ ਹੋਰ ਲਖਾਂ ਕਰੋੜਾਂ ਜਤਨਾਂ ਦੁਆਰਾ ਵਿਕਾਰਾਂ ਤੇ ਬੰਨ੍ਹ ਨਹੀਂ ਲਾਇਆ ਜਾ ਸਕਦਾ, ਠਲ ਨਹੀਂ ਪਾਈ ਜਾ ਸਕਦੀ। ਇਹ ਤਾਂ ਪ੍ਰਭੂ ਦਾ ਨਾਮ ਜਪਣ ਦੇ ਨਾਲ ਹੀ ਮਨੁਖ ਦਾ ਪਾਰ ਉਤਾਰਾ ਸੰਭਵ ਹੈ - 'ਲਾਖ ਕਰੋਰੀ ਬੰਧੁ ਨ ਪਰੈ॥ ਹਰਿ ਕਾ ਨਾਮੁ ਜਪਤ ਨਿਸਤਰੈ॥', ਅੰਕ ੨੬੪.

**ਬਿਨੁ ਸਿਮਰਨ ਹੈ ਆਤਮ ਘਾਤੀ॥**
**ਸਾਕਤ ਨੀਚ ਤਿਸੁ ਕੁਲੁ ਨਹੀ ਜਾਤੀ॥੭॥**

-- ਸਿਮਰਨ ਕਰਨ ਤੋਂ ਬਿਨਾਂ ਵਿਅਕਤੀ ਆਪਣਾ ਹੀ ਘਾਤ ਕਰਦਾ ਹੈ, ਕਿਉਂਕਿ ਉਹ ਆਪਣੇ-ਆਪ ਨੂੰ ਆਤਮਕ ਮੌਤ ਮਾਰਦਾ ਹੈ।

ਜਦਕਿ ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਬਚਨ ਹਨ ਕਿ ਆਤਮ ਘਾਤ ਕਰਨ ਵਾਲਾ ਮਨੁਖ ਸਾਰੇ ਜਗਤ ਦੇ ਕਸਾਈ ਦੇ ਸਮਾਨ ਹੈ - 'ਆਤਮ ਘਾਤੀ ਹੈ ਜਗਤ ਕਸਾਈ॥', ਅੰਕ ੧੧੮.

-- ਸਿਮਰਨ ਵਿਹੂਣਾ ਮਨੁਖ ਆਪਣੇ ਕਰਮਾਂ ਤੋਂ ਨੀਚ ਹੁੰਦਾ ਹੈ, ਉਸ ਦੀ ਕੋਈ ਕੁਲ ਅਤੇ ਜਾਤਿ ਨਹੀਂ ਹੁੰਦੀ।

ਸ੍ਰੀ ਗੁਰੂ ਨਾਨਕ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਜਿਸਨੇ ਖਸਮ ਪ੍ਰਭੂ ਦੇ ਨਾਮ ਨੂੰ ਵਿਸਾਰ ਦਿਤਾ ਹੈ, ਜਪਿਆ ਨਹੀਂ, ਉਹ ਨੀਚ ਜਾਤਿ ਹੈ ਅਤੇ ਨੀਵੀਂ ਕੁਲ ਦਾ ਹੈ - 'ਖਸਮੁ ਵਿਸਾਰਹਿ ਤੇ ਕਮਜਾਤਿ॥ ਨਾਨਕ ਨਾਵੈ ਬਾਝੁ ਸਨਾਤਿ॥', ਅੰਕ ੧੦. ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਬਚਨ ਹਨ ਕਿ ਗੁਰੂ ਦੇ ਬਖ਼ਸ਼ੇ, ਅਲਾਟ ਕੀਤੇ ਸ਼ਬਦ ਦੁਆਰਾ ਕੀਤੀ ਪ੍ਰਭੂ ਭਗਤੀ ਕਰਨ ਵਾਲਾ ਮਨੁਖ ਹੀ ਉਤਮ ਜਾਤਿ ਅਤੇ ਇਜ਼ਤ ਵਾਲਾ ਹੁੰਦਾ ਹੈ। ਨਾਮ ਜਪੇ ਤੋਂ ਬਿਨਾਂ ਸਾਰੇ ਨੀਚ ਜਾਤਿ ਅਤੇ ਵਿਸ਼ਟਾ ਦੇ ਕੀੜੇ ਹੁੰਦੇ ਹਨ - 'ਭਗਤਿ ਰਤੇ ਸੇ ਊਤਮਾ ਜਤਿ ਪਤਿ ਸਬਦੇ ਹੋਇ॥ ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ॥', ਅੰਕ ੪੨੬.

**ਜਿਸੁ ਭਇਆ ਕ੍ਰਿਪਾਲੁ ਤਿਸੁ ਸਤ ਸੰਗਿ ਮਿਲਾਇਆ॥**
**ਕਹੁ ਨਾਨਕ ਗੁਰਿ ਜਗਤੁ ਤਰਾਇਆ॥੮॥੭॥**

-- ਜਿਸ ਤੇ ਪ੍ਰਭੂ ਕਿਰਪਾਲ ਹੋ ਜਾਂਦਾ ਹੈ ਉਸ ਨੂੰ ਭਗਤ, ਸਾਧ, ਸੰਤ ਜਨ ਦੀ ਸੰਗਤਿ ਮਿਲਾ ਦਿੰਦਾ ਹੈ

-- ਪੰਜਵੇਂ ਨਾਨਕ ਫ਼ੁਰਮਾਣ ਕਰਦੇ ਹਨ ਕਿ ਇਸ ਤਰ੍ਹਾਂ ਸੰਤ ਸੰਗਤਿ ਕਰਦੇ ਹੋਏ ਗੁਰੂ ਦੀ ਬਖ਼ਸ਼ਿਸ਼ ਨਾਲ ਵਿਅਕਤੀ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ।

ਪਾਤਸ਼ਾਹ ਦੇ ਬਚਨ ਹਨ - 'ਕਿਰਪਾ ਕਰੇ ਜਿਸੁ ਪਾਰਬ੍ਰਹਮੁ ਹੋਵੈ ਸਾਧੂ ਸੰਗੁ॥ ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ॥', ਅੰਕ ੭੧. ਹੋਰ ਬਚਨ ਹਨ ਕਿ ਜਦੋਂ ਪ੍ਰਭੂ ਦੀ ਕਿਰਪਾ ਹੋ ਜਾਂਦੀ ਹੈ ਤਾਂ ਸਾਧੂ ਦੀ ਸੰਗਤਿ ਪ੍ਰਾਪਤ ਹੁੰਦੀ ਹੈ, ਫ਼ਲਸਰੂਪ ਵਿਅਕਤੀ ਵਾਹਗੁਰੂ ਜਪਦਾ ਹੈ, ਧਿਆਉਂਦਾ ਹੈ - 'ਜਉ ਭਇਓ ਕ੍ਰਿਪਾਲੁ ਤਾ ਸਾਧ ਸੰਗੁ ਪਾਇਆ ਜਨ ਨਾਨਕ ਬ੍ਰਹਮੁ ਧਿਆਇਓ॥', ਅੰਕ ੧੦੧੭.

ਸਮੁਚੀ ਗੁਰਬਾਣੀ ਵਿਚ ਪ੍ਰਭੂ ਦਾ ਨਾਮ ਨਾ ਜਪਣ ਵਾਲਿਆਂ ਲਈ ਬੜੇ ਕਰੜੇ ਲਫ਼ਜ ਵਰਤੇ ਗਏ ਹਨ। ਸ੍ਰੀ ਗੁਰੂ ਨਾਨਕ ਸਾਹਿਬ ਦੇ ਬਚਨ ਹਨ ਕਿ ਹਰੀ ਪ੍ਰਭੂ ਦਾ ਸਿਮਰਣ ਨਾ ਕਰਨ ਵਾਲਾ ਪਾਪ ਕਮਾਉਂਦਾ ਹੈ ਅਤੇ ਦੁਖੀ ਹੀ ਰਹਿੰਦਾ ਹੈ - 'ਬਿਨੁ ਹਰਿ ਸਿਮਰਣ ਪਾਪਿ ਸੰਤਾਪੀ॥', ਅੰਕ ੩੫੬. ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਫ਼ੁਰਮਾਣ ਹੈ ਕਿ ਸਿਮਰਨ ਤੋਂ ਬਿਨਾਂ ਮੂੰਹ ਤੇ ਸੰਸਾਰ ਦੀ ਮਾਇਆ ਦੀ ਕਾਲਖ ਹੁੰਦੀ ਹੈ ਅਤੇ ਨਾਮ ਤੋਂ ਬਿਨਾਂ ਜੀਊਣ ਤੇ ਲਾਹਨਤ ਹੈ ਲਾਹਨਤ ਹੈ - 'ਨਾਮ ਹੀਨ ਕਾਲਖ ਮੁਖਿ ਮਾਇਆ॥ ਨਾਮ ਬਿਨਾ ਧ੍ਰਿਗੁ ਧ੍ਰਿਗੁ ਜੀਵਾਇਆ॥', ਅੰਕ ੩੬੬.

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੇ ਬਚਨ ਹਨ ਕਿ ਨਾਮ ਨਾਲ ਪ੍ਰੇਮ ਤੋਂ ਬਿਨਾਂ ਹੋਰ ਸਾਰੇ ਸਨੇਹ, ਪਿਆਰ ਧਿਕਾਰਯੋਗ ਹਨ। ਜੋ ਨਾਮ ਜਪਣ ਤੋਂ ਬਿਨਾਂ ਕੁਝ ਪਹਿਨਦਾ ਹੈ, ਕੁਝ ਖਾਂਦਾ

ਹੈ, ਇਉਂ ਜਾਣੋ ਜਿਵੇਂ ਕੁਤਾ ਜੂਠਨ ਵਿਚ ਮੂੰਹ ਮਾਰਦਾ ਹੈ। ਨਾਮ ਤੋਂ ਬਿਨਾਂ ਹੋਰ ਜਿਤਨਾ ਵੀ ਕਾਰ ਵਿਹਾਰ ਹੈ ਉਹ ਇੰਞ ਹੈ ਜਿਵੇਂ ਮਿਰਤਕ ਨੂੰ ਕੀਤਾ ਸ਼ਿੰਗਾਰ ਵਿਅਰਥ ਹੈ। ਜੋ ਨਾਮ ਜਪਣ ਵਿਚ ਪ੍ਰੀਤੀ ਨਹੀਂ ਲਾਉਂਦੇ, ਉਹ ਹੋਰ ਅਨੇਕਾਂ ਚੰਗੇ ਮੰਦੇ ਕਰਮ ਕਰਦਿਆਂ ਵੀ ਨਰਕ ਹੀ ਜਾਂਦੇ ਹਨ। ਜਿਸ ਨੇ ਵੀ ਆਪਣੇ ਮਨ ਨਾਲ ਹਰੀ ਦੇ ਨਾਮ ਦੀ ਅਰਾਧਨਾ ਨਹੀਂ ਕੀਤੀ ਉਹ ਚੋਰ ਵਾਂਙ ਬੰਨ੍ਹਿਆਂ ਹੋਇਆ ਜਮਾਂ ਦੀ ਪੁਰੀ ਵਿਚ ਹੀ ਲਿਜਾਇਆ ਜਾਂਦਾ ਹੈ - '..ਨਾਮ ਬਿਨਾ ਧ੍ਰਿਗੁ ਧ੍ਰਿਗੁ ਅਸਨੇਹੁ॥ ਨਾਮ ਬਿਨਾ ਜੋ ਪਹਿਰੈ ਖਾਇ॥ ਜਿਉ ਕੂਕਰੁ ਜੂਠਨ ਮਹਿ ਪਾਇ॥..ਨਾਮ ਬਿਨਾ ਜੇਤਾ ਬਿਉਹਾਰੁ॥ ਜਿਉ ਮਿਰਤਕ ਮਿਥਿਆ ਸੀਗਾਰੁ॥..ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ॥ ਕੋਟਿ ਕਰਮ ਕਰਤੋ ਨਰਕਿ ਜਾਵੈ॥ ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ॥ ਚੋਰ ਕੀ ਨਿਆਈ ਜਮ ਪੁਰਿ ਬਾਧਾ॥', ਅੰਕ ੨੪੦. ਫ਼ਿਰ ਫ਼ੁਰਮਾਣ ਕਰਦੇ ਹਨ ਕਿ ਜੋ ਮਨੁਖ ਹਰੀ ਦਾ ਨਾਮ ਨਹੀਂ ਜਪਦਾ ਉਸ ਨੂੰ ਸ਼ਰਮ ਨਾਲ ਮਰ ਹੀ ਜਾਣਾ ਚਾਹੀਦਾ ਹੈ, ਨਾਮ ਜਪੇ ਬਿਨਾਂ ਉਸ ਨੂੰ ਸੁਖ ਦੀ ਨੀਂਦ ਹੀ ਕਿਉਂ ਆਵੇ - 'ਲਾਜ ਮਰੈ ਜੋ ਨਾਮੁ ਨ ਲੇਵੈ॥ ਨਾਮ ਬਿਹੂਨ ਸੁਖੀ ਕਿਉ ਸੋਵੈ॥' ਅਗੋਂ ਇਹ ਵੀ ਬਚਨ ਕਰਦੇ ਹਨ ਕਿ ਬਾਕੀ ਸਭ ਕਰਮ ਤਾਂ ਬੰਧਨ ਦਾ ਹੀ ਪੁਲੰਦਾ ਹਨ, ਸਿਰਫ਼ ਹਰੀ ਦਾ ਸਿਮਰਨ ਹੀ ਪ੍ਰਾਪਤੀ ਦਾ ਮਾਰਗ ਹੈ - 'ਕੋਟਿ ਕਰਮ ਬੰਧਨ ਕਾ ਮੂਲ॥ ਹਰਿ ਕੇ ਭਜਨ ਬਿਨੁ ਬਿਰਥਾ ਪੂਲੁ॥', ਅੰਕ ੧੧੪੮.

ਭਗਤ ਨਾਮਦੇਵ ਜੀ ਤਾਂ ਇਥੋਂ ਤਕ ਬਚਨ ਕਰਦੇ ਹਨ ਕਿ ਜੋ ਨਰਾਇਣ ਦਾ ਸਿਮਰਨ, ਭਜਨ, ਬੰਦਗੀ ਨਹੀਂ ਕਰਦੇ ਉਹ ਤਾਂ ਉਸ ਦੇ ਦਰਸ਼ਨ ਹੀ ਨਹੀਂ ਕਰਨਾ ਚਾਹੁੰਦੇ। ਅਜਿਹੇ ਮਨੁਖ ਭਾਵੇਂ ਹੋਰ ਸਾਰੇ ਧਰਮ ਕਰਮ ਕਰਦੇ ਹੋਣ ਪਰ ਨਾਮ ਸਿਮਰਨ ਤੋਂ ਬਿਨਾਂ ਇੰਞ ਹਨ ਜਿਵੇਂ ਸੁੰਦਰਤਾ ਦੇ ਬਤੀ ਦੇ ਬਤੀ ਲਛਣ ਹੋਣ ਦੇ ਬਾਵਜੂਦ ਜੇ ਨਕ ਨਾ ਹੋਵੇ ਤਾਂ ਵਿਅਕਤੀ ਸੁੰਦਰ ਨਹੀਂ ਅਖਵਾ ਸਕਦਾ - 'ਜੋ ਨ ਭਜੰਤੇ ਨਾਰਾਇਣਾ॥ ਤਿਨ ਕਾ ਮੈ ਨ ਕਰਉ ਦਰਸਨਾ॥..ਪ੍ਰਣਵਤਿ ਨਾਮਦੇਉ ਨਾਕਹਿ ਬਿਨਾ॥ ਨਾ ਸੋਹੈ ਬਤੀਸ ਲਖਨਾ॥', ਅੰਕ ੧੧੬੩.